ਦਸੰਬਰ 15, 2020

ਪਿਆਰੇ ਮਾਤਾ-ਪਿਤਾ/ਨਿਗਰਾਨ ਜੀ,

ਜਨਵਰੀ ਦੇ ਅਖੀਰ ਵਿੱਚ ਹਾਲਟਨ ਡਿਸਟ੍ਰਿਕਟ ਸਕੂਲ ਬੋਰਡ ਇੱਕ ਸਵੈ-ਇੱਛਤ ਵਿਦਿਆਰਥੀ ਜਨਗਣਨਾ ਸ਼ੁਰੂ ਕਰਨ ਜਾ ਰਿਹਾ ਹੈ ਜਿਸ ਵਿੱਚ ਗੁਪਤ ਤੌਰ ਤੇ ਵਿਦਿਆਰਥੀਆਂ ਦੀਆਂ ਅਜਿਹੀਆਂ ਪਛਾਣਾਂ ਬਾਰੇ ਡੈਟਾ ਇਕੱਠਾ ਕੀਤਾ ਜਾਵੇਗਾ, ਜਿਵੇਂ ਉਹਨਾਂ ਦੀ ਪ੍ਰਮੁੱਖ ਭਾਸ਼ਾ, ਜਾਤੀ ਅਤੇ ਨਸਲੀ ਪਿਛੋਕੜ, ਧਰਮ, ਜਿਨਸੀ ਪਛਾਣ ਅਤੇ, ਜ਼ਿਆਦਾ ਵੱਡੀ ਉਮਰ ਦੇ ਵਿਦਿਆਰਥੀਆਂ ਲਈ, ਜਿਨਸੀ ਪਸੰਦ। ਵਿਦਿਆਰਥੀ ਸਕੂਲ ਦੇ ਮਾਹੌਲ, ਆਪਣੇਪਨ ਦੇ ਅਹਿਸਾਸ ਅਤੇ ਧੱਕੜਸ਼ਾਹੀ ਸਬੰਧੀ ਆਪਣੇ ਤਜਰਬੇ ਵੀ ਸਾਂਝੇ ਕਰਨਗੇ।

HDSB ਮੰਗਲਵਾਰ, ਜਨਵਰੀ 12 ਨੂੰ HDSB ਵਿਦਿਆਰਥੀ ਜਨਗਣਨਾ ਬਾਰੇ ਵਾਧੂ ਜਾਣਕਾਰੀ ਸੈਸ਼ਨਾਂ ਦੀ ਮੇਜ਼ਬਾਨੀ ਕਰੇਗਾ। ਇਹ ਸੈਸ਼ਨ ਵਰਚੁਅਲ ਹੋਣਗੇ ਅਤੇ ਅਮਰੀਕੀ ਚਿੰਨ੍ਹ ਭਾਸ਼ਾ, ਅਰਬੀ, ਫ੍ਰੈਂਚ, ਹਿੰਦੀ, ਸਰਲ ਚੀਨੀ, ਸਪੈਨਿਸ਼, ਪੰਜਾਬੀ ਅਤੇ ਉਰਦੂ ਭਾਸ਼ਾਵਾਂ ਵਿੱਚ ਹੋਣਗੇ। ਸੈਸ਼ਨ ਆਦਿਵਾਸੀ ਸਮੁਦਾਇਆਂ ਲਈ ਵੀ ਉਪਲਬਧ ਹੋਣਗੇ।

ਸਭ ਲੋਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਫਾਰਮ https://bit.ly/InfoRegisterHDSB ਦੀ ਵਰਤੋਂ ਕਰਕੇ ਉਹ ਰਜਿਸਟਰ ਕਰਨ ਅਤੇ ਦੱਸਣ ਕਿ ਉਹ ਕਿਹੜੀ ਭਾਸ਼ਾ ਵਾਲੇ ਸੈਸ਼ਨ ਵਿੱਚ ਹਿੱਸਾ ਲੈਣਗੇ ਅਤੇ ਦੋ ਸਮਿਆਂ (4:30 ਤੋਂ 5:30 ਸ਼ਾਮ ਜਾਂ 6:00 ਤੋਂ 7:00 ਵਜੇ ਸ਼ਾਮ) ਵਿਚੋਂ ਕਿਹੜੇ ਸਮੇਂ ਦੀ ਚੋਣ ਕਰਨਾ ਚਾਹੁਣਗੇ। ਰਜਿਸਟ੍ਰੇਸ਼ਨ ਫਾਰਮ ਜਾਣਕਾਰੀ ਸੈਸ਼ਨ ਤੋਂ ਪਹਿਲਾਂ ਸਵਾਲ ਪੁੱਛਣ ਦਾ ਮੌਕਾ ਵੀ ਦਿੰਦਾ ਹੈ।

ਜੋ ਭਾਗੀਦਾਰ ਸੈਸ਼ਨਾਂ ਲਈ ਪਹਿਲਾਂ ਤੋਂ ਰਜਿਸਟਰ ਕਰਵਾਉਣਗੇ ਉਹਨਾਂ ਨੂੰ Google Meet ਲਿੰਕ ਭੇਜਿਆ ਜਾਏਗਾ।